ਵਿਸ਼ਾ: ਮਿਤੀ 23-06-2021 ਨੂੰ ਸਵੇਰੇ 10:30 ਵਜੇ ਮਾਨਯੋਗ ਸ੍ਰੀ ਏ. ਵੇਨੂ ਪ੍ਰਸਾਦ, ਸੀਐਮਡੀ ਪੀਐਸਪੀਸੀਐਲ ਜੀ ਦੀ ਪ੍ਰਧਾਨਗੀ ਹੇਠ ਪੀਐਸਟੀਸੀਐਲ ਮੋਹਾਲੀ ਗੈਸਟ ਹਾਊਸ, ਸਾਹਮਣੇ ਵਾਈ.ਪੀ.ਐਸ ਸਕੂਲ, ਮੋਹਾਲੀ ਵਿਖੇ ਪੀਐਸਈਬੀ ਇੰਜੀਨੀਅਰਜ਼ ਐਸੋਸੀਏਸ਼ਨ ਨਾਲ ਉਨ੍ਹਾਂ ਦੀਆਂ ਮੰਗਾਂ ਦੇ ਸਬੰਧ ਵਿਚ ਮਿਤੀ 11-6-21 ਦੀ ਮੀਟਿੰਗ ਵਿਚ ਬਣੀਆ ਸਹਿਮਤੀਆ ਅਤੇ ਰਹਿੰਦੀਆ ਮੰਗਾਂ ਨੂੰ ਵਿਚਾਰਨ ਬਾਰੇ ਮੀਟਿੰਗ ਦੀ ਕਾਰਵਾਈ ਰਿਪੋਰਟ।

ਮੀਟਿੰਗ ਵਿਚ ਹੇਠ ਅਨੁਸਾਰ ਭਾਗ ਲਿਆ ਗਿਆ:

ਪ੍ਰਸ਼ਾਸਨ ਵੱਲੋਂ

| | |
|---|---|
| ਸ੍ਰੀ ਆਰ.ਪੀ.ਪਾਂਡਵ | ਡਾਇ:/ਪ੍ਰਬੰਧਕੀ |
| ਸ੍ਰੀ ਜਤਿੰਦਰ ਗੋਇਲ | ਡਾਇ:/ਵਿਤ |
| ਇੰਜ:ਪਰਮਜੀਤ ਸਿੰਘ | ਡਾਇ:/ਜਨਰੇਸ਼ਨ |
| ਇੰਜ: ਮੰਸਾ ਸਿੰਘ | ਮੁੱਖ ਇੰਜ:/ਐਚ.ਆਰ.ਡੀ |
| ਸ੍ਰੀ ਬੀ.ਐਸ.ਗੁਰਮ | ਕਨਵੀਨਰ-ਕਮ-ਉਪ ਸਕੱਤਰ/ਆਈ.ਆਰ. |

ਐਸੋਸੀਏਸ਼ਨ ਵੱਲੋਂ

| | |
|---|---|
| 1. ਇੰਜ:ਜਸਵੀਰ ਸਿੰਘ ਧਿਮਾਨ | ਪ੍ਰਧਾਨ |
| 2. ਇੰਜ:ਸੰਜੀਵ ਸੂਦ | ਕਾਰਜਕਾਰੀ ਮੈਂਬਰ |
| 3. ਇੰਜ:ਜਤਿੰਦਰ ਗਰਗ | ਸੀ.ਮੀਤ ਪ੍ਰਧਾਨ |
| 4. ਇੰਜ:ਅਜੇ ਪਾਲ ਸਿੰਘ ਅੱਟਵਾਲ | ਜਨਰਲ ਸਕੱਤਰ |

ਮੀਟਿੰਗ ਵਿੱਚ ਹੇਠ ਅਨੁਸਾਰ ਵਿਚਾਰ ਵਟਾਂਦਰਾ/ਫੈਸਲਾ ਲਿਆ ਗਿਆ :-

| ਮੰਗ ਨੰ: | ਮੰਗਾਂ ਦਾ ਵੇਰਵਾ |
|---|---|
| 1 | ਨਵੇਂ ਭਰਤੀ ਕੀਤੇ ਸਹਾਇਕ ਇੰਜੀਨੀਅਰਜ਼ ਨੂੰ ਮੁੱਢਲੀ ਤਨਖਾਹ 18030/-ਰੁ: ਦੇਣ ਬਾਰੇ।<br>ਐਸੋਸੀਏਸ਼ਨ ਵੱਲੋਂ ਮੈਨੇਜਮੈਂਟ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਪੀਐਸਪੀਸੀਐਲ ਵਿਚ ਸਾਲ 2011 ਤੋ ਬਾਅਦ ਨਵੇ ਭਰਤੀ ਕੀਤੇ ਗਏ ਏਈਜ਼ ਨੂੰ 18030/- ਦੀ ਮੁੱਢਲੀ ਤਨਖਾਹ ਦੇਣ ਦੀ ਮੰਗ ਨਵੀ ਨਹੀ ਹੈ । ਐਸੋਸੇਸ਼ਅਨ ਵਲੋ ਦੱਸਿਆ ਗਿਆ ਕਿ ਪੀਐਸਈਬੀ(ਹੁਣ ਪੀਐਸਪੀਸੀਐਲ) ਦੇ ਇੰਜੀਨੀਅਰਜ਼ ਨੂੰ ਪੰਜਾਬ ਸਰਕਾਰ ਦੇ ਇੰਜੀਨੀਅਰਜ਼ ਨਾਲੋ ਡਿਫਰੈਂਸ਼ਿਅਲ ਮੇਨਟੇਨ ਕਰਦੇ ਹੋਏ ਵੱਧ ਸਕੇਲ ਦਿੱਤੇ ਜਾਦੇ ਰਹੇ ਹਨ । 1986 ਵਿਚ ਪੰਜਾਬ ਦੇ ਤੀਜੇ ਪੇ ਕਮੀਸ਼ਨ ਵਿਚ ਪੰਜਾਬ ਸਰਕਾਰ ਵਲੋ ਆਪਣੇ ਸਹਾ:ਇੰਜ: ਨੂੰ 2200 ਰੂ ਦਾ ਸੁਰੂਆਤੀ ਸਕੇਲ ਦਿੱਤਾ ਜਦੋ ਕਿ ਪੀਐਸਈਬੀ ਵਲੋ ਸਹਾ:ਇੰਜ: ਨੂੰ 2400 ਰੂ:ਦਾ ਸੁਰੂਆਤੀ ਸਕੇਲ, 2700-3000 ਦੇ ਜੰਪ ਨਾਲ ਪ੍ਰਦਾਨ ਕੀਤਾ । 1996 ਵਿਚ ਪੰਜਾਬ ਦੇ ਚੋਥੇ ਪੇ ਕਮੀਸ਼ਨ ਵਿਚ ਪੰਜਾਬ ਸਰਕਾਰ ਵਲੋ ਆਪਣੇ ਸਹਾ:ਇੰਜ: ਨੂੰ 8000 ਰੂ ਦਾ ਸੁਰੂਆਤੀ ਸਕੇਲ ਦਿੱਤਾ ਜਦੋ ਕਿ ਪੀਐਸਈਬੀ ਵਲੋ ਸਹਾ:ਇੰਜ: ਨੂੰ 8550 ਰੂ:ਦਾ ਸੁਰੂਆਤੀ ਸਕੇਲ, 9100-10300 ਦੇ ਜੰਪ ਨਾਲ ਪ੍ਰਦਾਨ ਕੀਤਾ । 2006 ਵਿਚ ਪੰਜਾਬ ਦੇ ਪੰਜਵੇ ਪੇ ਕਮੀਸ਼ਨ ਵਿਚ ਪੰਜਾਬ ਸਰਕਾਰ ਵਲੋ ਆਪਣੇ ਸਹਾ:ਇੰਜ: ਨੂੰ 15600 ਰੂ ਦਾ ਸੁਰੂਆਤੀ ਸਕੇਲ ਦਿੱਤਾ ਜਦੋ ਕਿ ਪੀਐਸਈਬੀ/ਪੀਐਸਪੀਸੀਐਲ ਵਲੋ ਸਹਾ:ਇੰਜ: ਨੂੰ 16650 ਅਤੇ ਪਹਿਲਾ ਤੋ ਮਿਲਦੇ ਜੰਪ ਨੂੰ ਕੰਪਨਸੇਟ |

Scanned with CamSca

| | |
|---|---|
| | ਕਰਦੇ ਹੋਏ 18030 ਰੁ:ਦਾ ਸੁਰੂਆਤੀ ਸਕੇਲ ਪ੍ਰਦਾਨ ਕੀਤਾ ਗਿਆ ਕਿਉਕਿ ਰਨਿੰਗ ਪੇ ਬੈਂਡ ਹੋਣ ਕਾਰਨ ਜੰਪ ਦੇਣਾ ਸੰਭਵ ਨਹੀ ਸੀ । ਪੀਐਸਈਬੀ/ਪੀਐਸਪੀਸੀਐਲ ਦਾ ਫਰਕ ਕੀਤੇ ਬਿਨਾਂ, ਸਾਰੇ ਅਧਿਕਾਰੀਆਂ/ਕਰਮਚਾਰੀਆ ਨੂੰ ਸਾਲ 2014 ਵਿਚ ਵਧੇ ਸਕੇਲ ਪ੍ਰਦਾਨ ਕਰ ਦਿੱਤੇ ਗਏ ਸਨ ਪਰੰਤੂ ਪੀਐਸਪੀਸੀਐਲ ਵਲੋ ਭਰਤੀ ਕੀਤੇ ਗਏ ਨਵੇ ਏਈਜ਼ ਨੂੰ ਮੁੱਢਲੀ ਤਨਖਾਹ 18030/- ਪ੍ਰਦਾਨ ਨਹੀ ਕੀਤੀ ਗਈ ।<br>ਪ੍ਰਸ਼ਾਸਨ ਵੱਲੋਂ ਐਸੋਸੀਏਸ਼ਨ ਨੂੰ ਦੱਸਿਆ ਗਿਆ ਕਿ ਪੀਐਸਪੀਸੀਐਲ ਵਿਚ ਨਵੇ ਭਰਤੀ ਏਈਜ਼ ਨੂੰ ਮੁੱਢਲੀ ਤਨਖਾਹ 18030/- ਦੇਣ ਬਾਰੇ ਬੀਓਡੀ ਵਲੋ ਸਿਫਾਰਸ਼ ਕਰਨ ਉਪਰੰਤ ਪੰਜਾਬ ਸਰਕਾਰ ਨੂੰ ਭੇਜਿਆ ਜਾ ਚੁੱਕਿਆ ਹੈ ਜ਼ੋ ਕਿ ਪੰਜਾਬ ਸਰਕਾਰ ਦੇ ਪੱਧਰ ਤੇ ਵਿਚਾਰ ਅਧੀਨ ਹੈ ,ਮੁਢਲੀ ਤਨਖਾਹ 18030/- ਦੇਣ ਬਾਰੇ ਐਸੋਸੀਏਸ਼ਨ ਨੂੰ ਭਰੋਸਾ ਦਿੱਤਾ ਗਿਆ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਜਾਂ ਮੁੱਖ ਪ੍ਰਿਸੀਪਲ ਸਕੱਤਰ ਟੂ ਮੁੱਖ ਮੰਤਰੀ ਪੰਜਾਬ ਜੀ ਦੇ ਪੱਧਰ ਤੇ ਮੀਟਿੰਗ ਕਰਵਾ ਕਿ ਮਸਲੇ ਦਾ ਢੁੱਕਵਾ ਹੱਲ 15 ਦਿਨਾਂ ਵਿਚ ਕੱਢ ਲਿਆ ਜਵੇਗਾ ।<br>(ਕਾਰਵਾਈ ਲਈ ਮੁੱਖ ਲੇਖਾ ਅਫਸਰ/ਹੈਡ ਕੁਆਟਰਜ਼, ਉਪ ਸਕੱਤਰ/ ਵਿਤ) |
| 2 | ਜੀਐਨਡੀਟੀਪੀ ਅਤੇ ਜੀਜੀਐਸਐਸਟੀਪੀ ਦੇ ਸਟੇਜ-1 ਨੂੰ ਬੰਦ ਕਰਨ ਅਤੇ ਅਲਟਰਾ ਸੁਪਰ ਕਰੀਟੀਕਲ ਥਰਮਲ ਪਲਾਂਟ ਰੋਪੜ੍ਹ ਅਤੇ ਸੋਲਰ/ਬਾਇਓ ਮਾਸ ਪਲਾਂਟ ਜੀਐਨਡੀਟੀਪੀ ਬਠਿੰਡਾ ਵਿਖੇ ਲਗਾਉਣ ਸਬੰਧੀ।ਬਿਨਾਂ ਕਿਸੇ ਲਿਖਤੀ ਸਮਝੌਤੇ/ਮੁਆਵਜੇ ਜੀਐਨਡੀਟੀਪੀ ਬਠਿੰਡਾ ਦੀ ਜ਼ਮੀਨ ਦਾ ਪ੍ਰਸ਼ਾਨਿਕ ਕੰਟਰੋਲ ਅਤੇ ਬਠਿੰਡਾ ਥਰਮਲ ਕਲੌਨੀ ਪੰਜਾਬ ਸਰਕਾਰ ਨੂੰ ਸੌਂਪਣ ਸਬੰਧੀ।<br>ਪੀਐਸਪੀਸੀਐਲ ਪ੍ਰਸ਼ਾਸਨ ਵੱਲੋਂ ਦਸਿੱਆ ਗਿਆ ਕਿ ਬੀਓਡੀ ਵਲੋ ਲਏ ਗਏ ਫੈਸਲੇ ਅਨੁਸਾਰ 80/20 ਦੀ ਅਨੁਪਾਤ ਵਿਚ ਥਰਮਲ ਦੀ ਜਮੀਨ ਬਾਰੇ ਪੰਜਾਬ ਸਰਕਾਰ ਤੋ ਕੰਪਨਸੇਸ਼ਨ ਲੈਣ ਸਬੰਧੀ ਪ੍ਰਿਸਿਪਲ ਸਕੱਤਰ/ਹਾਊਸਿਗ ਅਤੇ ਅਰਬਨ ਡਿਵੈਲਪਮੇਟ, ਪੰਜਾਬ ਸਰਕਾਰ ਨੂੰ ਪੱਤਰ ਨੰ: 181/ਜੀਐਨਡੀਟੀਪੀ ਮਿਤੀ 22-6-2021ਲਿਖਿਆ ਜਾ ਚੁੱਕਾ ਹੈ ।<br>(ਕਾਰਵਾਈ ਲਈ ਮੁੱਖ ਇੰਜ:/ਥਰਮਲ ਡਿਜ਼ਾਈਨ, ਉਪ ਮੁੱਖ ਇੰਜ:/ਟੈਕ ਟੂ ਡਾਇ:/ਜੀ) |
| 3 | ਪੈਡਿੰਗ ਅਨੁਸਾਸ਼ਨੀ ਕੇਸਾ ਦੇ ਨਿਪਟਾਰੇ ਵਿੱਚ ਹੋ ਰਹੀ ਦੇਰੀ ਸਬੰਧੀ।ਸੀਨੀਅਰ ਇੰਜੀਨੀਅਰਜ਼ ਨੂੰ ਬਿਨ੍ਹਾਂ ਕਿਸੇ ਇਨਕੁਆਰੀ ਦੇ ਚਾਰਜਸ਼ੀਟ ਜਾਰੀ ਕਰਨ ਸਬੰਧੀ।ਨਿਯਮਾਂ ਦੇ ਉਲਟ ਜਾਕੇ ਅਗਿਆਤ ਸ਼ਿਕਾਇਤਾਂ ਤੇ ਇੰਜੀਨੀਅਰ ਅਫਸਰਾਂ ਨੂੰ ਸੁਪਰਵੀਜ਼ਨ ਲੈਪਸ ਦੇ ਦੋਸ਼ਾਂ ਵਿਚ ਚਾਰਜਸ਼ੀਟ ਕਰਨ ਸਬੰਧੀ।<br>ਪ੍ਰਸ਼ਾਸਨ ਵੱਲੋਂ ਐਸੋਸੀਏਸ਼ਨ ਨੂੰ ਦੱਸਿਆ ਗਿਆ ਕਿ ਪੈਡਿੰਗ ਇਨਕੁਆਰੀ ਨੂੰ ਫਾਈਨਲ ਕਰਨ ਸਬੰਧੀ ਨਿਰਧਾਰਤ ਸਮਾਂ ਸੀਮਾ ਲਈ ਪੱ:ਨੰ:565/599 ਮਿਤੀ 19-02-2021 ਨਾਲ ਸਾਰੇ ਪ੍ਰਮੁੱਖ/ਮੁੱਖ ਇੰਜੀਨੀਅਰਜ਼ ਨੂੰ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ।ਇਸਤੋਂ ਇਲਾਵਾ ਬੇਨਾਮੀ/ਬਿਨਾਂ ਤੱਥਾ ਤੇ ਅਧਾਰਤ ਕੀਤੀਆ ਸ਼ਿਕਾਇਤਾ ਸਬੰਧੀ ਸਮੱਰਥ ਅਧਿਕਾਰੀ ਦੀ ਪ੍ਰਵਾਨਗੀ ਲੈਣ ਉਪਰੰਤ ਹੀ ਇੰਨਕੁਆਰੀ ਆਰੰਭਣ ਬਾਰੇ ਪੱ/ਨੰ: 9117-9786 ਜੀਆਰਵੀਸੀ-10 ਮਿਤੀ 18-6-21 ਰਾਹੀ ਜਾਰੀ ਕੀਤੀਆਂ ਜਾ ਚੁੱਕਿਆ ਹਨ । (ਕਾਰਵਾਈ ਲਈ ਨਿਗ:ਇੰਜ:/ਤਕਨੀਕੀ) |
| 4 | ਐਨ.ਪੀ.ਐਸ. ਦੇ ਲਾਭ ਕੇਂਦਰ ਸਰਕਾਰ ਦੀ ਤਰਜ਼ ਤੇ ਦੇਣ ਸਬੰਧੀ।ਐਨ.ਪੀ.ਐਸ. ਕੰਟਰੀਬਿਊਸ਼ਨ 14% ਤੋਂ ਘਟਾਕੇ 10% ਕਰਨਾ ਤ੍ਰਿੱਪਖੀ ਸਮਝੌਤੇ ਦੀ ਉਲੰਘਣਾ ਹੈ।<br>ਇਸ ਮੰਗ ਦੇ ਸਬੰਧ ਵਿਚ ਪ੍ਰਸ਼ਾਸਨ ਵਲੋ ਸਿਧਾਤਕ ਤੌਰ ਤੇ ਸਹਿਮਤੀ ਦਿੱਤੀ ਗਈ ਅਤੇ ਐਸੋਸੀਏਸ਼ਨ ਨੂੰ ਦੱਸਿਆ ਗਿਆ ਕਿ ਅਜੰਡਾ ਬੀਓਡੀ ਦੀ ਅਗਲੀ ਹੋਣ ਵਾਲੀ ਮੀਟਿੰਗ ਵਿਚ ਵਿਚਾਰਨ ਹਿੱਤ ਪੇਸ਼ ਕਰ ਦਿੱਤਾ ਜਾਵੇਗਾ ।<br>(ਕਾਰਵਾਈ ਲਈ ਮੁੱਖ ਲੇਖਾ ਅਫਸਰ/ਹੈਡ ਕੁਆਟਰਜ਼, ਉਪ ਮੁੱਖ ਲੇਖਾ ਅਫਸਰ/ਸੈਂਟਰਲਾਈਜ਼ਡ ਪੇਮੈਂਟਸ, ਲੇਖਾ ਅਫਸਰ/ਐਨ.ਪੀ.ਐਸ.) |
| 5 | ਜਨਰੇਸ਼ਨ ਇਨਸੈਟਿਵ ਤੇ ਰੋਕ ਲਗਾਉਣ ਤ੍ਰਿੱਪਖੀ ਸਮਝੌਤੇ ਦੀ ਉਲੰਘਣਾ ਹੈ।<br>ਇਸ ਮੰਗ ਦੇ ਸਬੰਧ ਵਿਚ ਪ੍ਰਸ਼ਾਸਨ ਵਲੋ ਸਿਧਾਤਕ ਤੌਰ ਤੇ ਸਹਿਮਤੀ ਦਿੱਤੀ ਗਈ ਅਤੇ ਐਸੋਸੀਏਸ਼ਨ ਨੂੰ ਦੱਸਿਆ ਗਿਆ ਕਿ ਅਜੰਡਾ ਬੀਓਡੀ ਦੀ ਅਗਲੀ ਹੋਣ ਵਾਲੀ ਮੀਟਿੰਗ ਵਿਚ ਵਿਚਾਰਨ ਹਿੱਤ ਪੇਸ਼ ਕਰ ਦਿੱਤਾ ਜਾਵੇਗਾ ।<br>(ਕਾਰਵਾਈ ਲਈ ਮੁੱਖ ਲੇਖਾ ਅਫਸਰ/ਹੈਡ ਕੁਆਟਰਜ਼, ਉਪ ਸਕੱਤਰ/ਵਿਤ) |
| 6. | ਵਾਧੂ ਗੈਰ ਵਿਭਾਗੀ ਡਿਊਟੀਆਂ ਇੰਜੀਨੀਅਰਾਂ ਪਾਸੋਂ ਲੈਣ ਸਬੰਧੀ।<br>ਪ੍ਰਸ਼ਾਸ਼ਨ ਵੱਲੋਂ ਐਸੋਸੀਏਸ਼ਨ ਨੂੰ ਦਸਿਆ ਗਿਆ ਕਿ ਇਸ ਮੰਗ ਸਬੰਧੀ ਲੋੜੀਦਾ ਪੱਤਰ ਨੰ: 284/ਮੁੱਖ ਇੰਜ:ਐਚਆਰ ਡੀ ਮਿਤੀ 23-6-21 ਵਧੀਕ ਮੁੱਖ ਸਕੱਤਰ/ਪਾਵਰ ਪੰਜਾਬ ਸਰਕਾਰ ਚੰਡੀਗੜ ਨੂੰ ਭੇਜੀਆ ਜਾ ਚੁੱਕਾ ਹੈ ।<br>(ਕਾਰਵਾਈ ਲਈ ਨਿਗ:ਇੰਜ:/ਪ੍ਰਸੋਨਲ) |

Scanned with CamSca

| | |
|---|---|
| 7. | ਵਿਦੇਸ਼ ਜਾਣ ਲਈ NOC ਜਾਰੀ ਕਰਨ ਸਬੰਧੀ ਸ਼ਕਤੀਆਂ ਦਾ ਵਿਕੇਂਦਰੀਕਰਨ ਕਰਨ ਬਾਰੇ।<br>ਪ੍ਰਸ਼ਾਸਨ ਵੱਲੋਂ ਦੱਸਿਆ ਗਿਆ ਕਿ ਇਸ ਸਬੰਧੀ ਦ/ਹੁ ਨੰ 175 ਮਿਤੀ 22-6-2021 ਜਾਰੀ ਕੀਤਾ ਜਾ ਚੁੱਕਾ ਹੈ ।<br>(ਕਾਰਵਾਈ ਲਈ ਮੁੱਖ ਇੰਜ:/ਐਚ.ਆਰ.ਡੀ., ਐਸੋਸੀਏਸ਼ਨ) |
| 8. | ਮੈਡੀਕਲ ਬਿਲਾਂ ਦੀ ਪ੍ਰਤੀਪੂਰਤੀ ਦੀ ਪ੍ਰਕਿਰਿਆਂ ਨੂੰ ਮੁੜ ਵਿਚਾਰਨ ਸਬੰਧੀ।<br>ਪ੍ਰਸ਼ਾਸਨ ਵੱਲੋਂ ਐਸੋਸੀਏਸ਼ਨ ਨੂੰ ਦੱਸਿਆ ਗਿਆ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੈਟਰਨ ਤੇ ਮੈਡੀਕਲ ਬਿਲਾਂ ਦੀ ਪ੍ਰਤੀਪੂਰਤੀ ਸਬੰਧੀ ਪ੍ਰੀਕ੍ਰਿਆ ਨੂੰ ਸਰਲ ਬਨਾਉਣ ਬਾਰੇ ਵਿਚਾਰਨ ਹਿੱਤ 3 ਮੈਬਰੀ ਕਮੇਟੀ ਦਾ ਗਠਨ ਕਰਨ ਦਿੱਤਾ ਗਿਆ ਹੈ। ਕਮੇਟੀ ਦੀ ਰਿਪੋਰਟ ਪ੍ਰਾਪਤ ਹੋਣ ਉਪਰੰਤ ਅਗਲੇਰੀ ਯੋਗ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ ।<br>(ਕਾਰਵਾਈ ਲਈ ਮੁੱਖ ਇੰਜ:/ਐਚ.ਆਰ.ਡੀ., ਉਪ ਸਕੱਤਰ/ਪੀ ਤੇ ਆਰ) |
| 9. | ਸ:ਲ:ਮੈਨਾਂ ਨੂੰ ਐਚ.ਟੀ./ ਐਲ.ਟੀ. ਲਾਈਨਾਂ ਤੇ ਕੰਮ ਕਰਨ ਲਈ ਅਧਿਕਾਰਤ ਕਰਨ ਸਬੰਧੀ।<br>ਐਸੋਸੀਏਸ਼ਨ ਵਲੋ ਮੀਟਿੰਗ ਦੌਰਾਨ ਦੱਸਿਆ ਗਿਆ ਕਿ ਸਹਾਇਕ ਲ:ਮੈਨਾਂ ਦੇ ਡਿਊਟੀ ਦੌਰਾਨ ਕੰਮ ਕਰਦੇ ਐਕਸੀਡੈਂਟ ਹੋਣ ਕਾਰਣ ਸਬੰਧਤ ਅਧਿਕਾਰੀਆਂ ਦੇ ਵਿਰੁੱਧ ਧਾਰਾ 304 ਆਈ.ਪੀ.ਸੀ. ਦੇ ਅਧੀਨ ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ।ਇਸ ਲਈ ਸ:ਲ:ਮੈਨਾਂ ਨੂੰ ਐਚ.ਟੀ./ ਐਲ.ਟੀ. ਲਾਈਨਾਂ ਤੇ ਕੰਮ ਕਰਨ ਲਈ ਜਲਦ ਤੋਂ ਜਲਦ ਅਧਿਕਾਰਤ ਕੀਤਾ ਜਾਵੇ।<br>ਪ੍ਰਸ਼ਾਸਨ ਵੱਲੋਂ ਦੱਸਿਆ ਗਿਆ ਕਿ ਇਸ ਸਬੰਧੀ ਲੋੜੀਦੀਆ ਹਦਾਇਤਾ ਜਾਰੀ ਕਰ ਦਿੱਤੀਆ ਜਾਣਗੀਆ<br>(ਕਾਰਵਾਈ ਲਈ ਮੁੱਖ ਇੰਜ:/ਐਚ.ਆਰ.ਡੀ.,) |
| 10. | ਸੀਨੀਅਰ ਐਕਸੀਅਨਜ/ਪੀ ਤੇ ਐਮ ਅਤੇ ਪ੍ਰੋਟੈਕਸ਼ਨ ਨੂੰ LODA/LOTA ਜਾਰੀ ਕਰਨ ਸਬੰਧੀ।<br>ਐਸੋਸੀਏਸ਼ਨ ਵੱਲੋਂ ਦੱਸਿਆ ਗਿਆ ਕਿ ਇਹ ਵਹੀਕਲ ਐਕਸੀਅਨ ਨਾਲ ਅਟੈਚ ਨਹੀਂ ਸਗੋਂ ਪੂਰੀ ਪੀ ਤੇ ਐਮ ਟੀਮ ਦੀ ਵਰਤੋਂ ਲਈ ਹੁੰਦਾ ਹੈ, ਇਸ ਲਈ ਇਸ ਮੰਗ ਨੂੰ ਮੁੜ ਵਿਚਾਰਿਆ ਜਾਵੇ।<br>ਪ੍ਰਸ਼ਾਸਨ ਵੱਲੋਂ ਐਸੋਸੀਏਸ਼ਨ ਨੂੰ ਭਰੋਸਾ ਦਿੱਤਾ ਗਿਆ ਕਿ ਆਉਣ ਵਾਲੀ ਬੀਓਡੀਜ਼ ਦੀ ਮੀਟਿੰਗ ਵਿਚ ਏਜੰਡਾ ਪੇਸ਼ ਕਰਕੇ ਫੈਸਲਾ ਕਰਵਾ ਲਿਆ ਜਾਵੇਗਾ।<br>(ਕਾਰਵਾਈ ਲਈ ਮੁੱਖ ਲੇਖਾ ਅਫਸਰ/ਹੈਡ ਕੁਆਟਰਜ਼, ਉਪ ਸਕੱਤਰ/ਵਿਤ) |
| 11. | ਪਾਵਰਕਾਮ ਅਤੇ ਟਰਾਂਸਕੋ ਵਿਖੇ ਸਾਂਝੀ ਭਰਤੀ ਅਤੇ ਸਾਂਝੇ ਕੇਡਰ ਸਬੰਧੀ।<br>ਪ੍ਰਸ਼ਾਸਨ ਵੱਲੋਂ ਦੱਸਿਆ ਗਿਆ ਕਿ ਪੀਐਸਪੀਸੀਐਲ ਅਤੇ ਪੀਐਸਟੀਸੀਐਲ ਨੂੰ ਮਰਜ਼ ਕਰਨ ਸਬੰਧੀ ਪੀਐਸਪੀਸੀਐਲ ਨੂੰ ਕੋਈ ਇਤਰਾਜ਼ ਨਹੀ ਹੈ ਪਰ ਇਸ ਬਾਰੇ ਜੱਥੇਬੰਦੀ ਵਲੋ ਕਾਨੂੰਨੀ ਨੁਕਤਿਆ ਨੂੰ ਧਿਆਨ ਵਿਚ ਰੱਖਦੇ ਹੋਏ ਤੱਥਾ ਦੇ ਆਧਾਰ ਤੇ ਪਪ੍ਰੋਜਲ ਦਿੱਤੀ ਜਾਵੇਗੀ ਤਾਂ ਜ਼ੋ ਪੰਜਾਬ ਸਰਕਾਰ ਨੂੰ ਇਸ ਸਬੰਧੀ ਕੇਸ ਭੇਜਿਆ ਜਾ ਸਕੇ ।<br>(ਕਾਰਵਾਈ ਲਈ ਮੁੱਖ ਇੰਜ:/ਐਚ.ਆਰ.ਡੀ.ਅਤੇ ਇੰਜ: ਐਸੋਸ਼ੀਏਸ਼ਨ) |
| 12. | ਵੇਜ਼ ਫਾਰਮੂਲੇਸ਼ਨ ਕਮੇਟੀ ਗਠਿਤ ਕਰਨ ਬਾਰੇ।<br>ਪ੍ਰਸ਼ਾਸਨ ਵੱਲੋਂ ਇਸ ਮੰਗ ਸਬੰਧੀ ਸਿਧਾਂਤਕ ਤੌਰ ਤੇ ਸਹਿਮਤੀ ਪ੍ਰਗਟ ਕੀਤੀ ਗਈ ਅਤੇ ਐਸੋਸੀਏਸ਼ਨ ਨੂੰ ਭਰੋਸਾ ਦਿੱਤਾ ਗਿਆ ਕਿ ਆਉਣ ਵਾਲੀ ਬੀਓਡੀਜ਼ ਦੀ ਮੀਟਿੰਗ ਵਿਚ ਏਜੰਡਾ ਪੇਸ਼ ਕਰਕੇ ਫੈਸਲਾ ਕਰਵਾ ਲਿਆ ਜਾਵੇਗਾ।<br>(ਕਾਰਵਾਈ ਲਈ ਮੁੱਖ ਲੇਖਾ ਅਫਸਰ/ਹੈਡ ਕੁਆਟਰਜ਼, ਉਪ ਸਕੱਤਰ/ਵਿਤ) |
| 13. | ਨਿਗ: ਇੰਜ: ਰੈਕ ਦੇ ਅਧਿਕਾਰੀਆ ਨੂੰ ਮਿਲਦੀ ਪਹਿਲਾ ਮਿਲਦੀ ਬ੍ਰਾਂਡ ਬੈਡ ਦੀ ਸੁਵਿਧਾ ਬਹਾਲ ਕਰਨ ਬਾਰੇ।<br>ਪ੍ਰਸ਼ਾਸਨ ਵਲੋ ਐਸੋਸੇਸ਼ਨ ਨੂੰ ਦੱਸਿਆ ਗਿਆ ਕਿ ਨਿਗ: ਇੰਜ: ਰੈਕ ਦੇ ਅਧਿਕਾਰੀਆ ਨੂੰ ਮਿਲਦੀ ਪਹਿਲਾ ਮਿਲਦੀ ਬ੍ਰਾਂਡ ਬੈਡ ਦੀ ਸੁਵਿਧਾ ਬਹਾਲ ਕਰਨ ਬਾਰੇ ਕੇਸ ਵਿਚਾਰ ਅਧੀਨ ਹੈ ।<br>(ਕਾਰਵਾਈ ਲਈ ਉਪ ਮੁੱਖ ਇੰਜੀ:/ਪ੍ਰਸੋਨਲ, ਉਪ ਸਕੱਤਰ/ਜਨਰਲ) |

ਮੰਗ ਪੱਤਰ ਵਿਚ ਦਰਸਾਇਆ ਬਾਕੀ ਰਹਿੰਦੀਆ ਮੰਗਾਂ ਦੇ ਸਬੰਧ ਵਿਚ ਜਲਦ ਹੀ ਵੱਖਰੇ ਤੌਰ ਤੇ ਐਸੋਸੇਸ਼ਨ ਨੂੰ ਮੀਟਿੰਗ ਪ੍ਰਦਾਨ ਕਰਕੇ ਵਿਚਾਰਨ ਉਪਰੰਤ ਢੁਕਵਾਂ ਹੱਲ ਕੱਢ ਲਿਆ ਜਾਵੇਗਾ ।

ਮੀਟਿੰਗ ਬੜੇ ਸੁਖਾਂਵੇਂ ਮਾਹੌਲ ਵਿਚ ਹੋਈ।ਐਸੋਸੀਏਸ਼ਨ ਵੱਲੋਂ ਅਦਾਰੇ ਅੰਦਰ ਸੁਖਾਵਾਂ ਮਾਹੌਲ ਬਣਾਏ ਰੱਖਣ ਅਤੇ ਉਪਰੋਕਤ ਬਣੀਆਂ ਸਹਿਮਤੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਐਸੋਸ਼ੀਏਸ਼ਨ ਦੀ ਅੱਜ ਸ਼ਾਮ ਨੂੰ ਹੋਣ ਵਾਲੀ ਮੀਟਿੰਗ ਵਿਚ ਵਿਚਾਰਨ ਉਪਰੰਤ ਸੰਘਰਸ਼ ਪ੍ਰੋਗਰਾਮ ਮੁਲਤਵੀ ਕਰਨ ਸਬੰਧੀ ਭਰੋਸਾ ਦਿੱਤਾ ਗਿਆ ।

[illegible] 23/6/2021
ਉਪ ਸਕੱਤਰ/ਆਈ.ਆਰ.(ਭਲਾਈ ਭਾਗ),
ਪੀਐਸਪੀਸੀਐਲ,ਪਟਿਆਲਾ।

Scanned with CamSca

ਪਿੱਠ ਅੰਕਣ ਨੰ: 1913/31 ਭਭ-2-111 ਮਿਤੀ : 23/6/21

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਅਧਿਕਾਰੀਆਂ ਨੂੰ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ ਜੀ।

1. ਮੁੱਖ ਇੰਜ:/ਐਚ.ਆਰ.ਡੀ., ਪੀਐਸਪੀਸੀਐਲ, ਪਟਿਆਲਾ।
2. ਮੁੱਖ ਇੰਜ:/ਥਰਮਲ ਡਿਜ਼ਾਈਨ, ਪੀਐਸਪੀਸੀਐਲ, ਪਟਿਆਲਾ।
3. ਮੁੱਖ ਇੰਜ:/ਜੀਐਨਡੀਟੀਪੀ, ਪੀਐਸਪੀਸੀਐਲ, ਬਠਿੰਡਾ।
4. ਮੁੱਖ ਲੇਖਾ ਅਫਸਰ/ਹੈਡਕੁਆਟਰ, ਪੀਐਸਪੀਸੀਐਲ, ਪਟਿਆਲਾ।
5. ਉਪ ਮੁੱਖ ਇੰਜ:/ਟੈਕ ਟੂ ਡਾਇ:/ਜੀ, ਪੀਐਸਪੀਸੀਐਲ, ਪਟਿਆਲਾ।
6. ਉਪ ਮੁੱਖ ਇੰਜ:/ਪ੍ਰਸੋਨਲ, ਪੀਐਸਪੀਸੀਐਲ, ਪਟਿਆਲਾ।
7. ਨਿਗ:ਇੰਜ: (ਟੀ) ਟੂ ਡਾਇ:/ਡੀ,ਪੀਐਸਪੀਸੀਐਲ, ਪਟਿਆਲਾ।
8. ਨਿਗ:ਇੰਜ: /ਟੈਕਨੀਕਲ, ਪੀਐਸਪੀਸੀਐਲ, ਪਟਿਆਲਾ।
9. ਉਪ ਸਕੱਤਰ/ਵਿੱਤ, ਪੀਐਸਪੀਸੀਐਲ, ਪਟਿਆਲਾ।
10. ਉਪ ਸਕੱਤਰ/ਜਨਰਲ, ਪੀਐਸਪੀਸੀਐਲ, ਪਟਿਆਲਾ।
11. ਉਪ ਸਕੱਤਰ/ਪੈਨਸ਼ਨ ਤੇ ਰੈਗੂਲੇਸ਼ਨਜ਼, ਪੀਐਸਪੀਸੀਐਲ, ਪਟਿਆਲਾ।
12. ਉਪ ਮੁੱਖ ਲੇਖਾ ਅਫਸਰ/ਸੈਂਟਰਲਾਈਜ਼ਡ ਪੇਮੈਂਟਸ, ਪੀਐਸਪੀਸੀਐਲ, ਪਟਿਆਲਾ।
13. ਏ.ਓ./ਐਨ.ਪੀ.ਐਸ., ਪੀਐਸਪੀਸੀਐਲ, ਪਟਿਆਲਾ।

[signature] 23/6/2021
ਉਪ ਸਕੱਤਰ/ਆਈ.ਆਰ.(ਭਲਾਈ ਭਾਗ),
ਪੀਐਸਪੀਸੀਐਲ,ਪਟਿਆਲਾ।

ਸੀਸੀ:

1. ਸੀਨੀ:ਪੀ.ਐਸ. ਟੂ ਸੀਐਮਡੀ, ਪੀਐਸਪੀਸੀਐਲ ,ਪਟਿਆਲਾ।
2. ਸੀਨੀ:ਪੀ.ਐਸ. ਟੂ ਡਾਇਰੈਕਟਰ/ਪ੍ਰਬੰਧਕੀ, ਪੀਐਸਪੀਸੀਐਲ ,ਪਟਿਆਲਾ।
3. ਸੀਨੀ:ਪੀ.ਐਸ. ਟੂ ਡਾਇਰੈਕਟਰ/ਵਣਜ, ਪੀਐਸਪੀਸੀਐਲ ,ਪਟਿਆਲਾ।
4. ਸੀਨੀ:ਪੀ.ਐਸ. ਟੂ ਡਾਇਰੈਕਟਰ/ਵੰਡ, ਪੀਐਸਪੀਸੀਐਲ ,ਪਟਿਆਲਾ।
5. ਸੀਨੀ:ਪੀ.ਐਸ. ਟੂ ਡਾਇਰੈਕਟਰ/ਵਿਤ, ਪੀਐਸਪੀਸੀਐਲ ,ਪਟਿਆਲਾ।
6. ਸੀਨੀ:ਪੀ.ਐਸ. ਟੂ ਡਾਇਰੈਕਟਰ/ਜਨਰੇਸ਼ਨ, ਪੀਐਸਪੀਸੀਐਲ ,ਪਟਿਆਲਾ।

ਇੰਜ: ਅਜੈ ਪਾਲ ਸਿੰਘ ਅੱਟਵਾਲ, ਜਨਰਲ ਸਕੱਤਰ, ਪੀਐਸਈਬੀ ਇੰਜੀਨੀਅਰਜ਼ ਐਸੋਸੀਏਸ਼ਨ, ਇੰਜੀਨੀਅਰਜ਼ ਭਵਨ, ਪਾਸੀ ਰੋਡ, ਪਟਿਆਲਾ।

Scanned with CamScanner